# ਪੁਰਜਾ ਪੁਰਜਾ ਕਟਿ ਮਰੇ

(ਸਤਾਰਵੀਂ ਅਠਾਰਵੀਂ ਸਦੀ ਦੇ ਇਕ ਪਿੰਡ ਦੇ ਘਰ ਦਾ ਦ੍ਰਿਸ਼। ਮੰਚ ਜੜਤ ਇਸ ਤਰ੍ਹਾਂ ਕਿ ਇਕ ਪਾਸੇ ਚੌਂਕੇ ਦਾ ਸਮਾਨ ਦਿਸ ਰਿਹਾ ਹੈ, ਦਰਮਿਆਨ ਖੁੱਲੀ ਥਾਂ, ਮੰਜਾ ਪੀੜਾ ਰੱਖਣ ਲਈ ਹੈ, ਇਕ ਨੁਕਰ ਵਿਚ ਪੌੜਆਂ ਤਿੰਨ ਚਾਰ ਉਤੇ ਚੜ੍ਹ ਕੇ ਫੇਰ ਰਸਤਾ ਥਲੇ ਜਾਂਦਾ ਹੈ, ਜਿਸ ਤਰ੍ਹਾਂ ਅੰਦਰ ਇਕ ਹੋਰ ਕਮਰਾ ਹੈ, ਉਸ ਪਾਸੇ ਦੀ ਨੁਕਰ ਵਿਚ ਜਾਂ ਦਰਮਿਆਨ ਇਕ ਦਰਵਾਜ਼ਾ ਖੁਲਦਾ ਹੈ, ਦੂਜੀ ਨੁੱਕਰ ਵਿਚ ਇਕ ਹੋਰ ਦਰਵਾਜ਼ਾ ਹੈ, ਜਿਸ ਤਰ੍ਹਾਂ ਕਿ ਰਸਤਾ ਬਾਹਰ ਜਾ ਰਿਹਾ ਹੋਵੇ। ਪਰਦਾ ਖੁੱਲਣ ਤੇ ਬੁੱਢੀ ਦਾਦੀ ਆਪਣੇ ਪੋਤਰੇ ਨੂੰ ਸਾਖੀ ਸੁਣਾ ਰਹੀ ਹੈ)

ਬੁੱਢੀ : ਜਦੋਂ ਪੁੱਤ ਕਸ਼ਮੀਰੀ ਪੰਡਿਤ ਚਲੇ ਗਏ ਤਾਂ ਬਾਲ ਗੋਬਿੰਦ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਕੋਲੋਂ ਪੁਛਿਆ ਕਿ ਇਹ ਕੌਣ ਲੋਕ ਆਏ ਸਨ। ਇਹ ਦੁੱਖੀ ਕਿਉਂ ਸਨ ? ਗੁਰੂ ਤੇਗ਼ ਬਹਾਦਰ ਨੇ ਦਸਿਆ ਕਿ ਇਹ ਕਸ਼ਮੀਰ ਤੋਂ ਆਏ ਹਨ ਅਤੇ ਦੱਸਦੇ ਹਨ ਕਿ ਦਿੱਲੀ ਦਾ ਬਾਦਸ਼ਾਹ ਔਰੰਗਜੇਬ ਉਹਨਾਂ ਦਾ ਧਰਮ ਖਤਮ ਕਰਨਾ ਚਾਹੁੰਦਾ ਹੈ।

ਬੱਚਾ : ਬੇਬੇ, ਉਹ ਉਹਨਾਂ ਦਾ ਧਰਮ ਕਿਉਂ ਖ਼ਤਮ ਕਰਨਾ ਚਾਹੁੰਦਾ ਸੀ ?

ਬੁੱਢੀ : ਉਹ ਜ਼ਾਲਮ ਜੋ ਸੀ, ਕਹਿੰਦਾ ਸੀ ਕਿ ਸਾਰੇ ਮੁਸਲਮਾਨ ਬਣ ਜਾਓ।

ਬੱਚਾ : ਫੇਰ ਗੋਬਿੰਦ ਸਿੰਘ ਜੀ ਨੇ ਕੀ ਕਿਹਾ ?

ਬੁੱਢੀ : ਉਹਨਾਂ ਨੇ ਪੁੱਛਿਆ ਕਿ ਪਿਤਾ ਜੀ ਇਹਨਾਂ ਦਾ ਧਰਮ ਕਿਵੇਂ ਬਚ ਸਕਦਾ ਏ, ਪਿਤਾ ਨੇ ਕਿਹਾ ਕਿ ਧਰਮ ਨੂੰ ਬਚਾਉਣ ਲਈ ਕਿਸੇ ਵੱਡੇ ਤੇ ਸੱਚੇ ਆਦਮੀ ਦੀ ਕੁਰਬਾਨੀ ਦੀ ਲੋੜ ਏ ਤੇ ਬਾਲ ਗੋਬਿੰਦ ਨੇ ਝੱਟ ਕਿਹਾ ਕਿ ਪਿਤਾ ਜੀ ਤੁਹਾਡੇ ਤੋਂ ਵੱਡਾ ਤੇ ਸੱਚਾ ਕੌਣ ਹੋ ਸਕਦਾ ਹੈ।

ਬੱਚਾ : ਉਹਾਂ ਨੇ ਤਾਂ ਹੀ ਕਿਹਾ ਨਾ ਬੇਬੇ, ਕਿ ਉਹ ਬੜੇ ਬਹਾਦਰ ਸਨ।

ਬੁੱਢੀ : ਹਾਂ ਉਹ ਬੜੇ ਬਹਾਦਰ ਸਨ, ਕਿਸੇ ਤੋਂ ਨਹੀਂ ਡਰਦੇ ਸਨ।

ਬੱਚਾ ::ਮੈਂ ਵੱਡਾ ਹੋਵਾਂਗਾ ਤਾਂ ਮੈਂ ਵੀ ਬੜਾ ਬਹਾਦਰ ਬਣਾਂਗਾ।

ਬੁੱਢੀ : ਆਹੋ ਪੁੱਤ, ਤੂੰ ਵੀ ਬੜਾ ਬਹਾਦਰ ਬਣੀ ਜਿਵੇਂ ਤੇਰਾ ਪਿਤਾ ਬਹਾਦਰ

ਏ, ਜਿਵੇਂ ਤੇਰੇ ਦਾਦਾ ਜੀ ਬਹਾਦਰ ਸਨ।

ਬੱਚਾ : ਆਹੋ ਮਾਂ ਤੂੰ ਦਸਿਆ ਸੀ ਕਿ ਮੇਰਾ ਪਿਤਾ ਬੜਾ ਵੱਡਾ ਸੂਰਮਾ ਏ ਤੇ ਸਿੰਘਾਂ ਦੀ ਫੌਜ ਵਿਚ ਲੜਦਾ ਏ, ਤਾਂ ਜੋ ਦੇਸ਼ ਵਿਚ ਅਤਿਆਚਾਰੀ ਰਾਜ ਖ਼ਤਮ ਹੋਵੇ।

ਬੁੱਢੀ : ਆਹੋ ਪੁਤ ਜਿਹੜੇ ਸੂਰਮੇ ਹੁੰਦੇ ਹਨ, ਉਹ ਹੀ ਸਿਰ ਤਲੀ 'ਤੇ ਰੱਖ ਕੇ ਦੇਸ਼ ਦੀ ਖ਼ਾਤਰ ਲੜਦੇ ਨੇ ਪਰ ਇਹਦਾ :ਅਹਿਸਾਨ ਨਹੀਂ ਕਿਸੇ ਤੇ ਕਰਦੇ ਸਗੋਂ ਉਹ ਤਾਂ ਇਹ ਬੋਲ ਪੂਰਦੇ ਨੇ:

ਜਉ ਤਉ ਪਰੇਮ ਖੇਲਣ ਕਾ ਚਾਉ।
ਸਿਰੁ ਧਰਿ ਤਲੀ ਗਲੀ ਮੇਰੀ ਆਉ।
ਇਤੁ ਮਾਰਗਿ ਪੈਰੁ ਧਰੀਜੈ।
ਸਿਰ ਦੀਜੈ ਕਾਣਿ ਨ ਕੀਜੈ।

ਬੱਚਾ : ਦਾਦਾ ਜੀ ਵੀ ਸ਼ਹੀਦ ਹੋ ਗਏ ਸਨ।

ਬੁੱਢੀ : ਆਹੋ ਮੇਰੇ ਲਾਲ, ਹੁਣ ਤੂੰ ਸੌਂ ਜਾ।

ਬੱਚਾ : ਅੱਛਾ ਬੇਬੇ, ਕੱਲ੍ਹ ਤੂੰ ਮੈਨੂੰ ਹੋਰ ਸਾਖੀ ਸੁਣਾਏਂਗੀ ਨਾ?

ਬੁੱਢੀ : ਆਹੋ, ਕੱਲ੍ਹ ਤੈਨੂੰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਸਾਕਾ ਸੁਣਾਵਾਂਗੀ (ਲੋਰੀ ਦੇ ਕੇ ਉਸ ਨੂੰ ਸਵਾਉਂਦੀ ਹੈ। ਬੱਚਾ ਸੌਂ ਜਾਂਦਾ ਹੈ ਤੇ ਉਸ ਉਪਰ ਲੋਈ ਪਾਉਂਦੀ ਹੈ, ਫਿਰ ਰੋਟੀ ਦੇ ਆਹਰ ਲਗ ਜਾਂਦੀ ਹੈ।)

ਬੁੱਢੀ : ਐਡਾ ਕੁਵੇਲਾ ਕਰ ਦਿੱਤਾ ਏ ਕਰਤਾਰ?

ਕਰਤਾਰ : ਭੈਣ, ਉਥੇ ਬੁਲਾਕੀਆ ਦੇ ਬਹਿ ਗਿਆ ਸਾਂ, ਉਹ ਲਾਹੌਰ ਦੇ ਸੂਬੇ ਦੀ ਗੱਲ ਪਿਆ ਕਰਦਾ ਸੀ।

ਬੁੱਢੀ : ਕੀ?

ਕਰਤਾਰ : ਦੱਸਣ ਲੱਗਾ ਕਿ ਲਾਹੌਰ ਦੇ ਸੂਬੇ ਨੇ ਹੁਕਮ ਨਾਦਰ ਕੀਤਾ ਏ ਕਿ ਜਿਹੜਾ ਵੀ ਕੋਈ ਕਿਸੇ ਸਿੱਖ ਦਾ ਸਿਰ ਲਿਆਏਗਾ, ਉਸ ਨੂੰ ਸੌ ਮੋਹਰਾਂ ਇਨਾਮ ਵਜੋਂ ਖਜ਼ਾਨੇ ਵਿਚੋਂ ਦਿੱਤੀਆਂ ਜਾਣਗੀਆਂ।

ਬੁੱਢੀ : ਆਪੇ ਗੁਰੂ ਸਹਾਈ ਹੋਵੇਗਾ, ਫ਼ਿਕਰ ਨਾਲ ਕੀ ਬਣਦਾ ਏ।

ਕਰਤਾਰ : ਤੂੰ ਤਾਂ ਭੈਣ ਭਾਈਏ ਵਾਰੀ ਵੀ ਇੰਞ ਹੀ ਆਖਿਆ ਕਰਦੀ ਸੀ।

ਬੁੱਢੀ : ਕਰਤਾਰ, ਮੇਰੇ ਦਿਲ ਨੂੰ ਹਮੇਸ਼ਾਂ ਇਹ ਤਸਲੀ ਰਹੀ ਹੈ ਕਿ ਮੇਰੇ ਸਿਰ ਦਾ ਸਾਂਈ ਉਸ ਗੁਰੂ ਲਈ ਕੁਰਬਾਨ ਹੋਇਆ, ਜਿਨੇ ਦੇਸ਼ ਤੇ ਧਰਮ ਲਈ ਆਪਣਾ ਸਰਬੰਸ ਵਾਰ ਦਿੱਤਾ ਅਤੇ ਹੁਣ ਵੀ ਮੈਨੂੰ ਮਾਣ ਏ ਕਿ ਮੇਰਾ ਪੁੱਤ ਉਨਾਂ ਸੂਰਮਿਆਂ ਦਾ ਸਾਥੀ ਏ ਜਿਨ੍ਹਾਂ ਨੇ ਦੇਸ਼ ਵਿਚ ਅਤਿਆਚਾਰ ਨੂੰ ਮੁਕਾਉਣ ਲਈ ਸਿਰ ਤਲੀ 'ਤੇ ਰਖਿਆ ਹੋਇਆ

ਏ।...

ਬੁੱਢੀ : ਬਹਿ ਜਾ ਤੈਨੂੰ ਦੋ ਫੁਲਕੇ ਤੱਤੇ ਤੱਤੇ ਲਾਹ ਦਿਆਂ।

ਕਰਤਾਰ : ਨਹੀਂ, ਰੋਟੀ ਅੱਗੇ ਕੁਵੇਲੇ ਖਾਧੀ ਸੀ। ਥੋੜ੍ਹੀ ਜਹੀ ਭੁੱਬਲ ਦੇ ਦੇ, ਮੈਂ ਗੋਡਿਆਂ ਦਾ ਸੇਕ ਕਰ ਲਵਾਂ। ਅੱਜ ਤਾਂ ਸੌਹਰੀ ਦੇ ਸਵੇਰ ਦੇ ਹੀ ਦੁੱਖੀ ਜਾਂਦੇ ਨੇ।

ਬੁੱਢੀ : ਸਵੇਰ ਵਾਸਤੇ ਰੁਲੀਏ ਨੂੰ ਕਹਿ ਆਉਂਦਾ, ਉਹ ਕਰ ਜਾਂਦਾ ਗੁਤਾਵਾ ਮਾਲ ਦਾ, ਜੇ ਤੂੰ ਰਾਜ਼ੀ ਨਹੀਂ।

ਕਰਤਾਰ : ਮੈਂ ਆਪ ਕਹਿ ਆਉਂਦੀ, ਪਰ ਹਨੇਰੇ ਵਿਚ ਮੈਨੂੰ ਠੁੱਡੇ ਠੇਰ ਦਾ ਡਰ ਰਹਿੰਦਾ ਏ। ਨਾਲੇ ਤੁਰਕ ਅੱਜ ਫਿਰ ਪਿੰਡੋਂ ਲੰਘੇ ਨੇ ਤੇ ਰੁਲੀਏ ਨੇ ਡਰ ਨਾਲ ਬੂਹਾ ਨਹੀਂ ਖੋਲਣਾ।

ਕਰਤਾਰ : ਆਹੋ ਬੁਲਾਕੀ ਨੇ ਵੀ ਦਸਿਆ ਸੀ। ਸਭੇ ਹੜਬੂ ਹੜਬੂ ਕਰਦੇ ਫਿਰਦੇ ਨੇ ਕਿ ਕੋਈ ਸਿੰਘ ਕਾਬੂ ਆ ਜਾਏ ਤੇ ਸੌ ਮੋਹਰਾਂ ਇਲਾਮ ਲਈਏ।

ਬੁੱਢੀ : ਖਸਮਾਂ ਖਾਨਿਆਂ ਐਵੇਂ ਮਧੂਲ ਚੁੱਕੀ ਹੈ, ਧਾੜਾਂ ਦੀਆਂ ਧਾੜਾਂ, ਇਥੇ ਨਾ ਕੋਈ ਆਇਆ ਇਨਾਂ ਦੇ ਕਾਬੂ, ਪਿੰਡ ਵਿਚ ਤਾਂ ਗੁਰੂ ਦਾ ਸਿੱਖ ਚਰਨ ਪਾਏ ਤਾਂ ਇਹ ਸੌ ਜਨਮ ਉਸ ਨੂੰ ਭਾਲਦੇ ਰਹਿਣ ਤਾਂ ਨਾ ਲੱਭ ਸਕਣ।

ਕਰਤਾਰ : ਜੇ ਕੋਈ ਸਿੰਘ ਨਹੀਂ ਲਭਦਾ ਤਾਂ ਉਈਂ ਲੁੱਟ ਮਾਰ ਕਰੀ ਜਾਂਦੇ ਨੇ।

ਬੁੱਢੀ : ਕਿੰਨਾ ਫਰਕ ਏ ਇਨਾਂ ਵਿਚ ਤੇ ਉਨਾਂ ਵਿਚ, ਹੁਕਮ ਕੌਰ ਦਸਦੀ ਸੀ ਕਿ ਉਹਨਾਂ ਦੇ ਘਰ ਜਿਹੜੇ ਸਿੰਘ ਰਹੇ ਉਨ੍ਹਾਂ ਜ਼ੋਰ ਲਾਉਣ ਤੇ ਵੀ ਨਾ ਰੋਟੀ ਖਾਂਧੀ, ਕਹਿਣ ਲੱਗੇ ਅਸੀਂ ਨਹੀਂ ਕਿਸੇ ਤੇ ਭਾਰ ਪਾਉਣ।

ਕਰਤਾਰ : ਘਰੋਂ ਭੈਣਾਂ ਜਿਸ ਨੂੰ ਬਦਾਮ ਮਿਲ ਜਾਣ ਤਾਂ ਉਹ ਸੁੱਕੀ ਰੋਟੀ ਕਾਸ ਨੂੰ ਖਾਏਗਾ।

ਬੁੱਢੀ : ਸਚਾਈ ਦੀ ਯੁੱਧ ਲੜਣ ਵਾਲੇ ਸੂਰਮਿਆਂ ਲਈ ਭੁੱਜੇ ਹੋਏ ਦਾਨਿਆਂ ਤੇ ਬਦਾਮਾਂ ਦਾ ਅੰਤਰ ਮੁਕ ਜਾਂਦਾ ਏ ਕਰਤਾਰ...

ਕਰਤਾਰ : ਇਹ ਤਾਂ ਠੀਕ ਏ

ਬੁੱਢੀ : ਇਹ ਅੰਤਰ ਮੁੱਕਦਾ ਏ ਤਾਂ ਹੀ ਕੁਝ ਸਿਰ ਲੱਥ ਸੂਰਮੇ ਵੈਰੀਆਂ ਦੇ ਲਸ਼ਕਰਾਂ ਨੂੰ ਅੱਗੇ ਲਾ ਰਹੇ ਹਨ। ਹਲਾ ਤੂੰ ਹੁਣ ਸੌਣ ਦਾ ਆਹਰ ਕਰ ਸਵੇਰੇ ਪੈਲੀ ਵੀ ਜਲਦੀ ਜਾਣਾ ਪੈ ਜਾਣਾ ਏ, ਨਾਲੇ ਕਾਕੇ ਨੂੰ ਵੀ ਅੰਦਰ ਪਾ ਆਵਾਂ।

*(ਬੱਚੇ ਨੂੰ ਚੁੱਕ ਕੇ ਅੰਦਰ ਜਾਂਦੀ ਏ ਤੇ ਕਰਤਾਰ ਦੂਜੇ ਪਾਸੇ ਵਲ ਬਾਹਰ ਚਲਾ ਜਾਂਦਾ ਹੈ, ਕੁਝ ਦੇਰ ਲਈ ਮੰਚ ਖਾਲੀ ਰਹਿੰਦਾ ਹੈ,*

*ਸੰਗੀਤ ਵਜਦਾ ਹੈ, ਇਤਨੇ ਵਿਚ ਇਕ ਸਿਖ ਸਿਪਾਹੀ ਬੁਰੀ ਤਰ੍ਹਾਂ ਫੱਟੜ ਹੋਇਆ ਹੈ, ਕੰਧ ਟੱਪ ਕੇ ਅੰਦਰ ਆਉਂਦਾ ਹੈ। ਘੋੜਿਆਂ ਭਾਂਡਿਆਂ ਨੂੰ ਟੋਂਹਦਾ ਹੈ।ਜਿਵੇਂ ਪਾਣੀ ਦੀ ਭਾਲ ਕਰ ਰਿਹਾ ਹੈ ਇਤਨੇ ਵਿਚ ਬਾਹਰੋਂ ਘੋੜਿਆਂ ਦੇ ਦੌੜਨ ਦੀ ਆਵਾਜ਼ ਆਉਂਦੀ ਹੈ ਉਹ ਘੋੜੇ ਘਰ ਅੱਗੇ ਆ ਕੇ ਰੁਕ ਜਾਂਦੇ ਹਨ। ਦਰਵਾਜ਼ਾ ਜ਼ੋਰ ਜ਼ੋਰ ਦੀ ਖੜਕਦਾ ਹੈ, ਬੁੱਢੀ ਬੁੜ ਬੁੜ ਕਰਦੀ ਉਠਦੀ ਹੈ)*

ਬੁੱਢੀ : ਕੌਣ ਖਸਮਾਂ ਖਾਣਾ ਆ ਗਿਆ ਏ, ਉਈਂ ਦਰਵਾਜ਼ਾ ਭੰਨ ਦੇ ਖਾਂ, ਮਾਂ ਨੇ ਖੜਕਾਉਣਾ ਨਹੀਂ ਦਸਿਆ।

ਬੁੱਢੀ : (ਪੱਲੇ ਨਾਲ ਹੱਥ ਪੂੰਝਦੀ ਏ, ਇਤਨੇ ਵਿਚ ਇਕ ਫੌਜਦਾਰ ਅਤੇ ਸਿਪਾਹੀ ਦਰਵਾਜ਼ਾ ਧੱਕੇ ਕੇ ਅੰਦਰ ਆ ਜਾਂਦੇ ਹਨ, ਇਸ ਦਰਮਿਆਨ ਸਿਖ ਸਿਪਾਹੀ ਇਕ ਬੋਰੇ ਦੇ ਪਿਛੇ ਲੁੱਕ ਜਾਂਦਾ ਹੈ)

ਬੁੱਢੀ : (ਤੁਰਕਾਂ ਨੂੰ ਵੇਖ ਕੇ ਮਚਲੀ ਬਣ ਜਾਂਦੀ ਹੈ) ਕਿਉਂ ਤੁਹਾਨੂੰ ਹਨੇਰੇ ਵਿਚ ਚੁੜੇਲ ਚੰਮੜੀ ਏ।ਅੱਧੀ ਰਾਤੀਂ ਲੋਕਾਂ ਦੇ ਬੂਹੇ ਭੰਨਦੇ ਫਿਰਦੇ ਹੋ।

ਫੌਜ਼ਦਾਰ : ਚੁੱਪ ਰਹਿ ਬੁੱਢੀਏ, ਨਹੀਂ ਤਾਂ ਜ਼ਬਾਨ ਖਿੱਚ ਲਵਾਂਗਾ, ਇਥੇ ਕੋਈ ਸਿਖ ਤਾਂ ਨਹੀਂ ਆਇਆ, ਪੱਗ ਬੱਧੀ ਹੋਈ, ਦਾੜ੍ਹੀ ਖੁੱਲੀ ਹੋਈ।

ਬੁੱਢੀ : ਇਥੇ ਹੋਰ ਤਾਂ ਕੋਈ ਨਹੀਂ ਆਇਆ, ਮੈਂ ਤਾਂ ਤੁਹਾਨੂੰ ਹੀ ਪਈ ਵੇਖਦੀ ਆਂ, ਤੁਸੀਂ ਕੋਈ ਚੰਗੇ ਬੰਦੇ ਨਹੀਂ ਲਗਦੇ, ਤੁਹਾਨੂੰ ਤਾਂ ਕੂਣ ਦਾ ਵੀ ਚੱਜ ਨਹੀਂ।

ਫੌਜ਼ਦਾਰ : ਚੱਜ ਦੀ ਲਗਦੀ, ਠੀਕ ਤਰ੍ਹਾਂ ਦੱਸ।

ਬੁੱਢੀ : ਕੁਝ ਠੀਕ ਤਰ੍ਹਾਂ, ਪੁੱਛੋ ਤਾਂ ਠੀਕ ਤਰ੍ਹਾਂ ਦੱਸਾਂ।ਬੂਹਾ ਭੂੰਨ ਚੋਰਾਂ ਵਾਂਗ ਅੰਦਰ ਆ ਵੜੇ ਹੋ ਤੇ ਨਾਲੇ ਅੱਖਾਂ ਵਿਖਾਉਂਦੇ ਹੋ, ਕਿਹਨੂੰ ਲੱਭਣਾ ਜੇ?

ਫੌਜ਼ਦਾਰ : ਇਕ ਸਿੱਖ ਏ, ਬੁਰੀ ਤਰ੍ਹਾਂ ਫੱਟੜ ਏ, ਸਾਨੂੰ ਉਹ ਚੱਕਰ ਦੇ ਗਿਆ ਏ ਪਰ ਅਸੀਂ ਇਧਰ ਆਉਂਦਾ ਵੇਖਿਆ ਏ।

ਬੁੱਢੀ : ਇਥੇ ਕੋਈ ਨਹੀਂ ਆਇਆ, ਨਾਲੇ ਹੌਲੀ ਬੋਲੋ ਮੇਰਾ ਭਰਾ ਹੁਣੇ ਸੁੱਤਾ ਏ, ਸਾਰਾ ਦਿਨ ਦਾ ਥੱਕਾ ਟੁੱਟਾ, ਉਹਦੀ ਇਕ ਵਾਰੀ ਨੀਂਦ ਖੁਲ ਜਾਏ ਤਾਂ ਆਉਂਦੀ ਨਹੀਂ।

ਫੌਜ਼ਦਾਰ : ਉਹਨੂੰ ਤਾਂ ਅਸੀਂ ਚੰਗੀ ਤਰ੍ਹਾਂ ਜਗਾ ਦੇਵਾਂਗੇ। ਤੂੰ ਸਾਨੂੰ ਪਹਿਲੇ ਦੱਸ ਕਿ ਉਹ ਆਪਣੇ ਲਗਦੇ ਨੂੰ ਕਿਥੇ ਲਕੋਇਆ ਈ?

ਬੁੱਢੀ : ਉਹ ਭਲਿਆ ਲੋਕਾ ਤੂੰ ਘਰ ਆਪਣੀ ਮਾਂ ਨਾਲ ਇੰਝ ਹੀ ਕੂੰਦਾ

ਹੁੰਦਾ ਏ, ਕਹਿ ਜੋ ਦਿੱਤਾ ਇਥੇ ਕੋਈ ਨਹੀਂ ਆਇਆ।

ਫੌਜ਼ਦਾਰ : (ਇੱਧਰ ਉਧਰ ਵੇਖਦਿਆਂ ਹੋਇਆਂ) ਕੀ ਤੂੰ ਸਾਰਾ ਸਮਾਂ ਆਪਣੇ ਘਰ ਹੀ ਰਹੀ ਏਂ ?

ਬੁੱਢੀ : ਲੈ ਖਾਂ, ਪੁੱਛਦਾ ਏ ਕਿ ਆਪਣੇ ਘਰ ਰਹੀ ਏਂ, ਆਪਣੇ ਘਰ ਮੈਂ ਨਹੀਂ ਰਹਿਣਾ ਤਾਂ ਕੀ ਤੂੰ ਰਹਿਣਾ ਏ, ਮੈਂ ਇਥੇ ਘਰ ਹੀ ਰਹੀ ਹਾਂ ਮੇਰਾ ਭਰਾ ਹੁਣੇ ਕੰਮ ਤੋਂ ਵਾਪਿਸ ਆਇਆ ਏ, ਉਹ ਬੜਾ ਸਿੱਧਾ ਬੰਦਾ ਏ, ਉਹਨੂੰ ਗੋਡਿਆਂ ਦੀ ਦਰਦਾਂ ਨੇ, ਮੈਂ ਤਾਂ ਉਹਨੂੰ ਦਸਿਆ ਕਿ ਸਿਆਲਾਂ ਵਿਚ ਗੋਡੇ ਦਰਦ ਹੋ ਹੀ ਜਾਇਆ ਕਰਦੇ ਨੇ, ਪਰ ਉਹ ਮੰਨਦਾ ਨਹੀਂ।

ਫੌਜ਼ਦਾਰ : ਇਹ ਸਾਰੀ ਬਕਵਾਸ ਤੈਨੂੰ ਕਿਸ ਨੇ ਦੱਸਣ ਲਈ ਕਿਹਾ ਏ ?

ਬੁੱਢੀ : ਲੈ ਉਹਦੇ ਬਾਰੇ ਮੈਂ ਨਾ ਦੱਸਾਂਗੀ ਤਾਂ ਹੋਰ ਕੌਣ ਦੱਸੇਗਾ, ਨਿੱਕਾ ਸੀ ਤਾਂ ਮਾਪਿਆਂ ਦਾ ਹੱਥ ਸਿਰ ਤੇ ਨਾ ਰਿਹਾ, ਮੈਂ ਹੀ ਪਾਲਿਆ, ਮੈਂ ਹੀ ਵਿਆਹਿਆ, ਵਿਚਾਰਾ ਕਰਮਾਂ ਦਾ ਮਾਰਿਆ ਏ। ਟੱਬਰ ਵੀ ਤੇ ਨਹੀਂ ਰਿਹਾ, ਧੀ ਪੁੱਤ ਉਹਦਾ ਹੈ ਕੋਈ ਨਹੀਂ, ਮੇਰੇ ਕੋਲ ਹੀ ਰਹਿੰਦਾ ਏ।

ਫੌਜ਼ਦਾਰ : ਕੈਸੀ ਵਾਹਯਾਤ ਬੁੱਢੀ ਨਾਲ ਵਾਹ ਪੈ ਗਿਆ ਏ ? ਅਨਵਰ ਤੂੰ ਲੰਘ ਤੇ ਇਹਦੇ ਭਰਾ ਨੂੰ ਇਥੇ ਲਿਆ, ਕਿਧਰੇ ਉਹੋ ਹੀ ਸਿਖ ਨਾ ਹੋਵੇ।

ਬੁੱਢੀ : ਲੈ ਮੈਂ ਜਗਾਉਂਦੀ ਹਾਂ,

ਫੌਜ਼ਦਾਰ : ਤੂੰ ਇਥੇ ਖਲੋਤੀ ਰਹਿ, ਬਹੁਤ ਚਲਾਕ ਨਾ ਬਣ।

*(ਅਨਵਰ ਜਾਂਦਾ ਹੈ, ਬੁੱਢੀ ਪਿਛੋਂ ਅਵਾਜ਼ ਦੇਂਦੀ ਹੈ)*

ਬੁੱਢੀ : ਉਹਨੂੰ ਅਰਾਮ ਨਾਲ ਜਗਾਈਂ ਤੇ ਨਾਲੇ ਕਹੀਂ ਲੋਈ ਲੈ ਕੇ ਬਾਹਰ ਨਿਕਲੇ ਫਿਰ ਠੰਡ ਲਗ ਗਈ ਤਾਂ ਮੈਨੂੰ ਵਖ਼ਤ ਪਾਏਗਾ, ਪਿਛਲੇ ਵਰ੍ਹੇ ਪੂਰਾ ਇਕ ਮਹੀਨਾ ਉਸ ਨੂੰ ਕਾੜ੍ਹਾ ਬਣਾ ਕੇ ਪਿਆਉਂਦੀ ਰਹੀ ਆਂ, ਹਕੀਮ ਹੋਰਾਂ ਕਈ ਇਲਾਜ ਦੱਸੇ ਪਰ ਮੈਨੂੰ ਪਤਾ ਏ, ਉਹਨੂੰ ਕਾੜ੍ਹੇ ਬਿਨਾ ਨਹੀਂ ਰਮਾਨ ਆਉਂਦਾ।

ਫੌਜ਼ਦਾਰ : (ਤੰਗ ਆ ਕੇ) ਤੂੰ ਚੁੱਪ ਵੀ ਕਰੇਂਗੀ ਮਾਂ ਸਾਡੀ, ਇਕ ਉਹ ਕਮਬਖ਼ਤ ਹੱਥਾਂ ਵਿਚੋਂ ਨਿਕਲ ਗਿਆ ਏ ਤੇ ਇਕ ਏਸ ਮੂਰਖ ਨਾਲ ਵਾਹ ਪੈ ਗਿਆ ਏ।

ਬੁੱਢੀ : ਹਲਾ ਹੁਣ ਸਾਰੀਆਂ ਗੱਲਾਂ ਉਹਦੇ ਕੋਲੋਂ ਹੀ ਪੁੱਛਿਆ ਜੇ, ਮੈਂ ਭਾਂਡੇ ਮਾਂਜ ਲਵਾਂ ਉਤੋਂ ਕੁਵੇਲਾ ਹੋ ਗਿਆ ਏ।

ਫੌਜ਼ਦਾਰ : ਇਥੇ ਖਲੋਤੀ ਰਹਿ।

ਬੁੱਢੀ : ਮੇਰੇ ਖਲੋਤੀ ਰਹਿਣ ਨਾਲ ਤੇਰਾ ਕੀ ਸਰੂ।

*(ਇੰਨੇ 'ਚ ਅਨਵਰ ਕਰਤਾਰ ਨੂੰ ਪਕੜੀ ਬਾਹਰ ਲਿਆਉਂਦਾ ਏ)*

ਬੁੱਢੀ : ਲਉ, ਪੁੱਛ ਲਵੋ ਸੂ, ਆਖਦੇ ਨੇ ਇਥੇ ਕੋਈ ਸਿਖ ਅਸਾਂ ਲਕੋ ਲਿਆ ਜਿਵੇਂ ਸਿੱਖ ਅਸਮਾਨੋਂ ਡਿੱਗਦੇ ਨੇ।

ਫੌਜ਼ਦਾਰ : ਤੂੰ ਬੁਢੀਏ ਬਹੁਤੀ ਚਲਾਕ ਨਾ ਬਣ ਚੁੱਪ ਰਹਿ ਕਿਉਂ ਮੁੰਡਿਆ ਦੱਸ ਉਸ ਨੂੰ ਕਿਥੇ ਲਕੋਇਆ ਹੋਇਆ ਜੇ ?

ਕਰਤਾਰ : ਕਿਹਨੂੰ ਫੌਜਦਾਰ ਸਾਹਿਬ, ਇਥੇ ਕੋਈ ਨਹੀਂ ਆਇਆ।

ਬੁੱਢੀ : ਤੂੰ ਤਕੜਾ ਹੋ ਕੇ ਬੋਲ, ਡਰਦਾ ਕਿਉਂ ਏ, ਇਥੇ ਕੋਈ ਆਇਆ ਹੋਵੇ ਤਾਂ ਨਾਂ ? ਅਸੀਂ ਤ੍ਰਕਾਲਾਂ ਦੇ ਇਥੇ ਹਾਂ, ਮੈਂ ਪਹਿਲਾਂ ਚੁੱਲੇ ਤੇ ਸਾਗ ਧਰੀ ਰਖਿਆ, ਇਹਨੂੰ ਮੈਂ ਭੁੱਬਲ ਦਿੱਤੀ ਇਹ ਗੋਡੇ ਨੂੰ ਸੇਕ ਕਰਦਾ ਰਿਹਾ, ਸੇਕ ਨਾਲ ਗੋਡੇ ਦੀ ਪੀੜ ਨੂੰ ਰਮਾਨ ਆ ਜਾਂਦਾ ਏ, ਫਿਰ ਮੈਂ ਮੱਕੀ ਦੀ ਰੋਟੀ ਤਵੇ ਤੇ ਪਾਈ ਤੇ ਇਹਨੇ ਖਾਧੀ।

ਸਿਪਾਹੀ : ਇਹਨੇ ਖਾਧੀ ਤੇ ਫੇਰ ਇਹਨੂੰ ਪਾਣੀ ਦੀ ਲੋੜ ਪੈ ਗਈ, ਤੂੰ ਉਹਨੂੰ ਪਾਣੀ ਦਿੱਤਾ ਤੇ ਫੇਰ ਇਹਨੇ ਪਾਣੀ ਪੀ ਲਿਆ।

ਬੁੱਢੀ : ਲੈ ਭਾਈ, ਤੂੰ ਤਾਂ ਮਸ਼ਕਰੀਆਂ ਕਰਦਾ ਏ, ਰੋਟੀ ਨਾਲ ਪਾਣੀ ਤਾਂ ਪੀਵੀਂਦਾ ਈ ਏ, ਪਰ ਮੈਂ ਤਾਂ ਹਮੇਸ਼ਾਂ ਇਹਨੂੰ ਕਹਿੰਦੀ ਹਾਂ, ਰੋਟੀ ਨਾਲ ਪਾਣੀ ਬਹੁਤਾ ਪੀਵੀਏ ਤਾਂ ਅਫਰਾਹ ਹੋ ਜਾਂਦਾ ਏ।

ਫੌਜ਼ਦਾਰ : (ਤੰਗ ਪੈ ਕੇ) ਬੁੱਢੀਏ ਮੈਂ ਕਹਿਨਾ ਆਂ ਕਿ ਤੂੰ ਆਪਣੀ ਬਕਵਾਸ ਬੰਦ ਕਰੇਂਗੀ ਕਿ ਨਹੀਂ, ਹੁਣ ਜੇ ਇਕ ਵੀ ਲਫਜ਼ ਤੇਰੀ ਜ਼ਬਾਨ ਵਿਚੋਂ ਨਿਕਲਿਆ ਤਾਂ ਜ਼ਬਾਨ ਖਿੱਚ ਲਵਾਂਗਾ। ਮੁੰਡਿਆ ਠੀਕ ਠਾਕ ਦੱਸ ਕਿਧਰੇ ਇਹ ਨਾ ਹੋਵੇ ਕਿ ਅਸੀਂ ਤਲਾਸ਼ੀ ਲਈਏ ਤਾਂ ਸਾਨੂੰ ਇਕ ਦੀ ਥਾਂ ਇਥੋਂ ਤਿੰਨ ਲਾਸ਼ਾਂ ਚੁਕਣੀਆਂ ਪੈਣ।

ਬੁੱਢੀ : ਲੈ ਸੁਖ ਨਾਲ ਤੁਹਾਨੂੰ ਕਿਉਂ ਚੁੱਕਣੀਆਂ ਪੈਣਗੀਆਂ ਆਪੇ ਪਿੰਡ ਵਾਲੇ ਚੁੱਕਣਗੇ। ਪਿਛੇ ਮੇਰੇ ਸਹੁਰਾ ਜੀ ਦਾ ਦਿਹਾਂਤ ਹੋਇਆ ਸੀ, ਸਾਰਾ ਪਿੰਡ ਨਾਲ ਗਿਆ ਸੀ।

ਫੌਜਦਾਰ : ਤੂੰ ਬੋਲ ਮੁੰਡਿਆ ?

ਕਰਤਾਰ : ਮੈਂ ਠੀਕ ਕਹਿਨਾ ਵਾਂ ਫੌਜਦਾਰ ਸਾਹਿਬ ਇਥੇ ਸਾਡੇ ਦੋਨਾਂ ਦੇ ਸਿਵਾਏ ਤੇ ਉਸ ਨਿੱਕੇ ਕਾਕੇ ਦੇ ਸਿਵਾਏ ਹੋਰ ਕੋਈ ਨਹੀਂ।

ਫੌਜ਼ਦਾਰ : ਅਨਵਰ ਘਰ ਦੀ ਤਲਾਸ਼ੀ ਲੈ। ਇਨਾਂ ਇੰਝ ਆਖੇ ਨਹੀਂ ਦਸਣਾ। (ਅਨਵਰ ਇਧਰ ਉਧਰ ਚੀਜ਼ਾਂ ਫਰੋਲਦਾ ਏ)

ਬੁੱਢੀ : ਭਾਈ ਜ਼ਰਾ ਧਿਆਨ ਨਾਲ, ਚੀਜ਼ ਇਕ ਵਾਰੀ ਟੁੱਟੀ ਫੇਰ ਬਣਦੀ ਥੋੜ੍ਹੀ ਏ।

ਫੌਜ਼ਦਾਰ : ਤੂੰ ਚੁੱਪ ਰਹਿਨੀ ਏ ਕਿ ਨਹੀਂ ? ਹਾਂ ਤੇ ਮੁੰਡਿਆਂ ਇਸ ਵਿਚ ਲਕੋਣ

ਵਾਲੀ ਕੋਈ ਗਲ ਨਹੀਂ, ਹੁਣ ਵੀ ਦੱਸ ਦਿਓ ਕਿ ਤੁਸੀਂ ਉਸ ਨੂੰ ਕਿਥੇ ਲਕੋਇਆ ਏ, ਮੈਂ ਤੁਹਾਨੂੰ ਕੁਝ ਨਹੀਂ ਆਖਾਂਗਾ। ਪਰ ਜੇਕਰ ਸਾਨੂੰ ਉਸ ਨੂੰ ਤਲਾਸ਼ੀ ਲੈ ਕੇ ਲੱਭਣਾ ਪਿਆ ਤਾਂ ਸੋਚ ਲੈ, ਮੇਰੇ ਤੋਂ ਬੁਰਾ ਹੋਰ ਕੋਈ ਨਹੀਂ ਹੋਵੇਗਾ।

ਕਰਤਾਰ : ਤੁਸੀਂ ਤਾਂ ਐਵੇਂ ਖ਼ਫ਼ਾ ਹੁੰਦੇ ਹੋ, ਫੌਜ਼ਦਾਰ ਸਾਹਿਬ, ਇਥੇ ਕੋਈ ਨਹੀਂ।

ਅਨਵਰ : ਹਜ਼ੂਰ ਇਹ ਦੋਨੋਂ ਕਮਰੇ ਤੇ ਵੇਖ ਲਏ ਹਨ, ਇਥੇ ਤਾਂ ਕੋਈ ਨਹੀਂ।

ਫੌਜਦਾਰ : (ਸੋਚਦੇ ਹੋਏ ਆਪਣੇ ਆਪ ਵਿਚ) ਫਿਰ ਉਹ ਗਿਆ ਕਿਥੇ ? (ਬੁੱਢੇ ਨੂੰ) ਘਰ ਦੇ ਦੂਸਰੇ ਪਾਸੇ ਕੀ ਏ ?

ਕਰਤਾਰ : ਪਸ਼ੂਆਂ ਦਾ ਵਾੜਾ ਏ ਜਨਾਬ।

ਫੌਜ਼ਦਾਰ : ਚਲ ਤੂੰ ਸਾਡੇ ਨਾਲ ਉਥੋਂ ਦੀ ਤਲਾਸ਼ੀ ਦੇ, ਮੈਂ ਆਪ ਲੈਣਾ ਚਾਹੁੰਦਾ ਹਾਂ (ਤਿੰਨੋਂ ਬਾਹਰ ਨਿਕਲ ਕੇ ਜਾਂਦੇ ਹਨ) ਉਨ੍ਹਾਂ ਦੇ ਜਾਣ ਦੇ ਬਾਅਦ ਸਿਖ ਸਿਪਾਹੀ ਵੀ ਢਾਰੇ ਦੇ ਪਿਛੋਂ ਬਾਹਰ ਨਿਕਲ ਆਉਂਦਾ ਹੈ)

ਸਿੱਖ : ਪਾਣੀ... ਮੈਨੂੰ ਪਾਣੀ ਦਿਓ।

ਬੁੱਢੀ : ਤੂੰ ... ਤੂੰ ਇਥੇ ਕਿਉਂ ਆਇਆ ਏਂ, ਵੇਖਦਾ ਨਹੀਂ ਉਹ ਕਿਸ ਤਰ੍ਹਾਂ ਹਲਕਾਏ ਕੁੱਤੇ ਵਾਂਗ ਤੇਰੇ ਮਗਰ ਲੱਗੇ ਹੋਏ ਨੇ।

ਸਿੱਖ : ਮੈਨੂੰ ਪਾਣੀ ਦਿਓ।

ਬੁੱਢੀ : ਪਰ ਤੂੰ ਹੈਂ ਕੌਣ।

ਸਿੱਖ : ਮੈਨੂੰ ਪਾਣੀ ਦਿਓ... ਮੇਰੇ ਕੋਲ ਸਮਾਂ ਨਹੀਂ... ਮੈਂ ਬਹੁਤ ਦੂਰ ਪੁੱਜਣਾ ਏ, ਮੈਨੂੰ ਪਾਣੀ ਵੀ ਦਿਓ।

ਬੁੱਢੀ : ਉਚੀ ਨਾ ਬੋਲ

*(ਪਾਣੀ ਲਿਆ ਕੇ ਦੇਂਦੀ ਹੈ, ਉਹ ਹਾਂਬੜਿਆ ਵਾਂਗ ਪੀਂਦਾ ਹੈ)*

ਬੁੱਢੀ : ਤੂੰ ਇਥੇ ਕਿਉਂ ਆਇਆ ਏਂ ? ਉਹ ਤੈਨੂੰ ਹੀ ਲੱਭ ਰਹੇ ਨੇ ?

ਸਿੱਖ : ਹਾਂ ਉਹ ਮੈਨੂੰ ਹੀ ਲੱਭ ਰਹੇ ਨੇ, ਮੈਂ ਸਿੰਘਾਂ ਦੇ ਦਸਤੇ ਦਾ ਸਿਪਾਹੀ ਆਂ, ਮੈਂ ਨੂਰਪੁਰ ਦੇ ਜੰਗਲਾਂ ਵਿਚ ਆਪਣੇ ਸਾਥੀਆਂ ਨੂੰ ਸੁਨੇਹਾ ਪੁਚਾਉਣਾ ਹੈ, ਇਨਾਂ ਦੇ ਚਾਰ ਸਿਪਾਹੀਆਂ ਨਾਲ ਮੇਰੀ ਟੱਕਰ ਹੋ ਚੁੱਕੀ ਹੈ। ਮੈਂ ਬਚ ਨਿਕਲਿਆ ਹਾਂ, ਮੇਰੇ ਲਈ ਕਿਸੇ ਤਰ੍ਹਾਂ ਘੋੜੀ ਦਾ ਬੰਦੋਬਸਤ ਕਰ ਦੇਵੋ।

ਬੁੱਢੀ : ਪਰ ਏਸ ਹਾਲਤ ਵਿਚ।

ਸਿੱਖ : ਮੈਂ ਹਰ ਹਾਲਤ ਵਿਚ ਪੁੱਜਣਾ ਹੈ, ਨਹੀਂ ਤਾਂ ਉਥੇ ਸਾਡੇ ਸੋ ਸਿੰਘਾਂ ਦੇ ਜਥੇ ਵਿਚੋਂ ਕੋਈ ਨਹੀਂ ਬਚੇਗਾ। ਸੂਹੀਏ ਨੇ ਪਤਾ ਦਿੱਤਾ ਏ ਕਿ ਲਾਹੌਰ ਦੇ ਸੂਬੇ ਨੇ ਇਕ ਭਾਰੀ ਲਸ਼ਕਰ ਨਾਲ ਜੰਗਲ ਨੂੰ ਚਾਰੇ ਪਾਸਿਉਂ ਘੇਰਣ ਦੀ ਵਿਉਂਤ ਬਣਾਈ ਏ।

ਬੁੱਢੀ : ਪਰ ਤੂੰ ਇਸ ਹਾਲਤ ਵਿਚ ਕਿਵੇਂ ਜਾਏਂਗਾ ?

ਸਿੱਖ : ਮੇਰਾ ਪੁੱਜਣਾ ਜ਼ੂਰਰੀ ਏ।

ਬੁੱਢੀ : ਤੇਰੇ ਲਈ ਪੰਜ ਕਦਮ ਪੁੱਟਣੇ ਔਖੇ ਨੇ ਤੇ ਤੂੰ 20 ਕੋਹ ਪੈਂਡਾ ਜਾਏਗਾ ? ਤੇਰੇ ਕੋਲੋਂ ਨਹੀਂ ਪੁੱਜ ਹੋਣਾ ਪੁੱਤ।

ਸਿੱਖ : ਨਹੀਂ ਮੈਂ ਪੁੱਜ ਜਾਵਾਂਗਾ।

ਬੁੱਢੀ : ਜ਼ਿਦ ਨਾ ਕਰ

ਸਿੱਖ : ਅੰਮਾਂ ਤੂੰ ਜ਼ਿਦ ਨਾ ਕਰ। (ਅੰਮਾਂ ਸ਼ਬਦ ਨਾਲ ਬੁੱਢੀ ਦੇ ਚਿਹਰੇ 'ਤੇ ਅਜੀਬ ਕਿਸਮ ਦੇ ਪ੍ਰਭਾਵ ਆਉਂਦੇ ਹਨ, ਜਿਸ ਤਰ੍ਹਾਂ ਉਹ ਪਿਆਰ ਨਾਲ ਗੜੁੱਚ ਹੋ ਗਈ ਹੈ।)

ਬੁੱਢੀ : ਅੱਛਾ ਤੂੰ ਇਥੋਂ ਬਾਰੀ ਵਿਚੋਂ ਨਿਕਲ ਕੇ ਢਾਰੇ ਦੀ ਨੁੱਕਰ ਵਿਚ ਲੁਕਿਆ ਰਹਿ, ਮੈਂ ਫੌਜਦਾਰ ਦੀ ਘੋੜੀ ਹੀ ਤੇਰੇ ਲਈ ਲਿਆਵਾਂਗੀ।

ਸਿੱਖ : ਨਹੀਂ ਨਹੀਂ ਇਸ ਤਰ੍ਹਾਂ ਨਾ ਕਰੀਂ ਉਹ ਤੈਨੂੰ ਜੀਂਦਾ ਨਹੀਂ ਛੱਡਣਗੇ।

ਬੁਢੀ : ਤੂੰ ਇਹਦਾ ਕਿਉਂ ਫ਼ਿਕਰ ਕਰਨਾ ਏਂ ?

ਸਿੱਖ : ਨਹੀਂ ਅੰਮਾ। ਤੂੰ ਆਪਣੀ ਜਾਨ ਖ਼ਤਰੇ ਵਿਚ ਨਾ ਪਾ।

ਬੁੱਢੀ : ਤੂੰ ਕਿਉਂ ਆਪਣੀ ਜਾਨ ਖ਼ਤਰੇ ਵਿਚ ਪਾ ਕੇ ਆਇਆਂ ਏਂ ?

ਸਿੱਖ : ਇਹ ਮੇਰਾ ਧਰਮ ਏ, ਮੇਰਾ ਫਰਜ਼ ਏ।

ਬੁੱਢੀ : ਤੇ ਕੀ ਮਾਵਾਂ ਦਾ ਕੋਈ ਫਰਜ਼ ਨਹੀਂ ਹੁੰਦਾ ? ਕੋਈ ਧਰਮ ਨਹੀਂ ਹੁੰਦਾ ?

*(ਸਿੱਖ ਸਿਪਾਹੀ ਵਿਸ਼ੇਸ਼ ਸ਼ਰਧਾ ਨਾਲ ਵੇਖਦਾ ਹੈ)*

ਸਿੱਖ : ਪਰ ਇਹ ਤੂੰ ਕਿਵੇਂ ਕਰ ਲਏਂਗੀ ਮਾਂ ?

ਬੁੱਢੀ : ਉਸੇ ਸਿਦਕ ਦੇ ਸਦਕੇ ਜਿਸ ਸਦਕੇ ਤੂੰ ਫੱਟੜ ਹੋਇਆਂ ਵੀਹ ਕੋਹ ਪੈਂਡਾ ਕਰ ਲਵੇਂਗਾ।

*(ਬਾਹਰੋਂ ਉਨ੍ਹਾਂ ਦੇ ਆਉਣ ਦੀ ਆਵਾਜ਼ ਆਉਂਦੀ ਹੈ ਤੇ ਸਿੱਖ ਸਿਪਾਹੀ ਬਾਰੀ ਵਿਚੋਂ ਬਾਹਰ ਚਲਾ ਜਾਂਦਾ ਹੈ)*

ਫੌਜ਼ਦਾਰ : ਅਜੀਬ ਗੱਲ ਏ, ਮੈਂ ਆਪਣੀਆਂ ਅੱਖਾਂ ਨਾਲ ਉਹਨੂੰ ਇਥੇ ਆਉਂਦਾ ਤਕਿਆ ਏ ਤੇ ਫੇਰ ਉਸ ਨੂੰ ਜ਼ਮੀਨ ਜਜ਼ਬ ਕਰ ਗਈ ਹੈ, ਜਾਂ ਹਵਾ ਗਾਇਬ ਕਰ ਗਈ ਏ।

ਬੁੱਢੀ : ਤੁਹਾਨੂੰ ਭੁਲੇਖਾ ਲਗਿਆ ਹੋਣਾ ਏ ਫੌਜ਼ਦਾਰ ਸਾਹਿਬ, ਤੁਹਾਡੀਆਂ ਨਜ਼ਰਾਂ ਤੋਂ ਭਲਾ ਕਿਹੜੀ ਚੀਜ਼ ਬਚ ਸਕਦੀ ਏ।

ਫੌਜ਼ਦਾਰ : ਤੂੰ ਚੁਪ ਰਹਿ ਬੁੱਢੀਏ।

ਬੁੱਢੀ : ਲਓ ਮੈਂ ਚੁੱਪ ਕਰ ਜਾਨੀ ਆਂ, ਮੰਜਾ ਤੁਹਾਡੇ ਲਈ ਡਾਹਿਆ ਏ। ਬੈਠੋ ਦੁੱਧ ਗਰਮ ਕੀਤਾ ਏ।

ਫੌਜ਼ਦਾਰ : ਨਹੀਂ ਸਾਨੂੰ ਕਾਹਲ ਏ।

ਬੁੱਢੀ : ਲਓ ਏਡੀਆਂ ਵੱਡੀਆਂ ਸਰਕਾਰਾਂ ਘਰ ਆਈਆਂ ਨੇ ਜੇਕਰ ਉਹਨਾਂ ਨੂੰ ਕੁਝ ਪੀਤੇ ਬਿਨਾ ਹੀ ਵਾਪਸ ਜਾਣਾ ਪਏ ਤਾਂ ਫਿੱਟੇ ਮੂੰਹ ਨਹੀਂ ਹੋ ਜਾਂਦਾ ਇਹੋ ਜਿਹੀ ਪਰਜਾ ਦਾ, ਕਰਤਾਰ ਤੂੰ ਜਾ ਕੇ ਘੋੜੀਆਂ ਲਈ ਦਾਣੇ ਦਾ ਬੰਦੋਬਸਤ ਕਰ ਨਾ।

*(ਕਰਤਾਰ ਜਾਣ ਲਗਦਾ ਏ)*

ਬੁੱਢੀ : ਵੇ ਤੁਰ ਪਿਆ ਏਂ, ਪਹਿਲਾਂ ਪੁੱਛ ਤਾਂ ਲਾ ਕਿ ਦਾਣਾ ਕਿਥੇ ਪਿਆ ਏ, ਚਲ, ਮੇਰੇ ਨਾਲ ਅੰਦਰ, ਮੈਂ ਤੈਨੂੰ ਕੱਢ ਕੇ ਦਵਾਂ;

*(ਉਹਨੂੰ ਨਾਲ ਲੈ ਕੇ ਬਾਹਰ ਜਾਂਦੀ ਏ)*

ਅਨਵਰ : ਜਨਾਬ ਇਹ ਬੁੱਢੀ ਮੈਨੂੰ ਕਾਫ਼ੀ ਹੁਸ਼ਿਆਰ ਲਗਦੀ ਏ, ਬੜੀਆਂ ਗਲਾਂ ਕਰਦੀ ਏ।

ਫੌਜ਼ਦਾਰ : ਨਹੀਂ ਅਨਵਰ, ਤੈਨੂੰ ਐਵੇਂ ਸ਼ੱਕ ਏ, ਬੁੱਢੀਆਂ ਨੂੰ ਉਵੇਂ ਹੀ ਬਹੁਤਾ ਬੋਲਣ ਦੀ ਆਦਤ ਹੁੰਦੀ ਏ।

ਅਨਵਰ : ਇਹ ਤਾਂ ਠੀਕ ਏ।

ਫੌਜ਼ਦਾਰ : ਕੁਝ ਚਿਰ ਇਥੇ ਠਹਿਰ ਜਾਨੇ ਆਂ, ਵਾਹਵਾ ਨਿੱਘ ਏ, ਉਹ ਸਿੱਖ ਤਾਂ ਹੱਥੋਂ ਨਿਕਲ ਗਿਆ ਲਗਦਾ ਏ, ਹੁਣ ਐਵੇਂ ਕਿਉਂ ਠੰਡ ਵਿਚ ਫਿਰਦੇ ਰਹੀਏ।

ਅਨਵਰ : ਆਹੋ ਜੀ ਠੰਡ ਵਿਚ ਕਿਉਂ ਫਿਰਦੇ ਰਹੀਏ, ਪਰ ਹਜ਼ੂਰ ਇਸ ਬੁੱਢੀ ਨੇ ਅੰਦਰ ਦੇਰ ਕਿਉਂ ਲਾ ਦਿੱਤੀ ਏ ?

*(ਇਤਨੇ ਵਿਚ ਬੁੱਢੀ ਬਾਹਰ ਆ ਜਾਂਦੀ ਹੈ ਅੰਦਰੋਂ ਹੀ ਬੋਲਦੀ ਆਉਂਦੀ ਹੈ)*

ਬੁੱਢੀ : ਕਰਤਾਰ ਵੀ ਕਮਲਾ ਏ, ਥੋੜਾ ਜਿਹਾ ਦਾਣਾ ਲੈ ਕੇ ਚਲਿਆ ਸੀ, ਭਲਾ ਘੋੜੀਆਂ ਦਾ ਉਨੇ ਨਾਲ ਕੀ ਬਣਦਾ ਸੀ, ਸਾਰਾ ਦਿਨ ਦੌੜਦੀਆਂ ਰਹੀਆਂ ਨੇ, ਇਹ ਸਿੱਖਾਂ ਨੇ ਵੀ ਐਵੇਂ ਮਧੂਲ ਚੁੱਕੀ ਏ, ਨਾ ਆਪ ਚੈਨ ਨਾਲ ਬਹਿੰਦੇ ਨੇ, ਨਾਂ ਦੂਜਿਆਂ ਨੂੰ ਬਹਿਣ ਦੇਂਦੇ, ਹੁਣ ਤੁਸੀਂ ਹੀ ਵੇਖੋ ਇਥੇ ਤੁਸੀਂ ਇਕ ਬੁੱਢੀ ਦੇ ਘਰ ਖੱਜਲ ਪਏ ਹੁੰਦੇ ਹੋ, ਐਸ ਵੇਲੇ ਸੂਬੇ ਹੋਰਾਂ ਦੇ ਕਿੰਨੀ ਰੌਣਕ ਹੋਣੀ ਏ, ਨਾਚ ਹੁੰਦਾ ਹੋਣਾ, ਸ਼ਰਾਬ ਉਡ ਰਹੀ ਹੋਣੀ ਏ, ਮੇਰੇ ਗਰੀਬਣੀ ਕੋਲ ਕੀ ਏ, ਦੁੱਧ ਈ ਏ, ਇਹ ਤਾਂ ਕਬੂਲ ਕਰ ਲਵੋ। (ਫੌਜ਼ਦਾਰ ਹੋਰਾਂ ਨੂੰ ਦੁੱਧ ਲਿਆ ਕੇ ਦੇਂਦੀ ਹੈ) ਆਪਣੀ ਖਹਿਬੜ ਲਵੇਰੀ ਦਾ ਏ, ਇਹ ਵੀ ਸ਼ੁਕਰ ਏ ਕਿ ਜਾਗ ਨਹੀਂ ਸੀ ਹਾਲੀ ਲਾਇਆ, ਨਹੀਂ ਤਾਂ ਮੈਂ ਕਿਧਰੇ ਦਾ ਨਈਂ ਸੀ ਰਹਿਣਾ, ਘਰ ਆ ਕੇ ਕੋਈ ਖਾਲੀ ਮੁੜ ਜਾਏ ਤਾਂ ਫਿਟੇ

ਮੂੰਹ ਇਹੋ ਜਿਹੀ ਜ਼ਨਾਨੀ ਦਾ...(ਵਕਫ਼ਾ) ਕਰਤਾਰ ਕੋਲੋਂ ਪਤਾ ਨਹੀਂ ਘੋੜੀਆਂ ਸਾਂਭਣ ਹੋਈਆਂ, ਕਿ ਨਹੀਂ ਮੈਂ ਆਪ ਜਾਨੀ ਆਂ, ਜਾ ਕੇ ਵਾੜੇ ਵਿਚ ਬੰਨਣੀਆਂ, ਉਤੋਂ ਠੰਡ ਕਿੰਨੀ ਉਤਰ ਆਈ ਏ, ਪਸ਼ੂ ਨੂੰ ਅਵਲ ਤਾਂ ਠੰਡ ਲਗਦੀ ਨਹੀਂ, ਜੇਕਰ ਲਗ ਜਾਏ ਤਾਂ ਫੇਰ ਉਤਰਦੀ ਕਿਥੇ ਏ, ਫੌਜਦਾਰ ਜੀ, ਸਾਰੀ ਉਮਰ ਪਸ਼ੂ ਆਪਣੀ ਹੱਥੀਂ ਪਾਲੇ ਨੇ, ਬਾਪੂ ਸਾਡੇ ਦੇ ਕਿਲੇ ਤੇ ਹਮੇਸ਼ਾਂ ਤਿੰਨ ਘੋੜੀਆਂ ਬੱਧੀਆਂ ਰਹਿੰਦੀਆਂ ਸਨ। (ਜਾਂਦੀ ਹੈ)

ਫੌਜ਼ਦਾਰ : ਇਹ ਬੁੱਢੀ ਬੜੀ ਦਿਲਚਸਪ ਹੈ।

ਅਨਵਰ : ਹਾਂ ਜਨਾਬ

ਫੌਜ਼ਦਾਰ : ਸਿੱਖ ਭਾਵੇਂ ਕਾਬੂ ਨਹੀਂ ਆਇਆ ਪਰ ਦੁੱਧ ਦਾ ਮਜ਼ਾ ਆ ਗਿਆ ਏ, (ਕੁਝ ਵਕਫ਼ਾ)

*(ਫੌਜਦਾਰ ਦੁੱਧ ਮੁਕਾ ਕੇ ਫਿਰ ਇਧਰ ਉਧਰ ਟਹਿਲਦਾ ਹੈ। ਕੁਝ ਖੜਾਕ ਹੁੰਦਾ ਹੈ ਤਾਂ ਉਹ ਚੁੰਕਨਾ ਹੋ ਜਾਂਦਾ ਹੈ)*

ਫੌਜਦਾਰ : ਕੀ ਗਲ ਹੈ ਅਨਵਰ

ਅਨਵਰ : (ਢਿੱਲਾ ਹੋ ਕੇ) ਚੂਹਾ ਸੀ, ਮੈਂ ਸਮਝਿਆਂ ਕਿ ਕੋਈ ਬੰਦਾ ਏ।

ਫੌਜਦਾਰ : ਤੈਨੂੰ ਹੁਣ ਬੰਦੇ ਅਤੇ ਚੂਹੇ ਦਾ ਫਰਕ ਹੀ ਨਹੀਂ ਨਜ਼ਰ ਆ ਰਿਹਾ

ਅਨਵਰ : ਕੋਈ ਇਹੋ ਜਿਹੀ ਹੀ ਗਲ ਹੈ ਜਨਾਬ।

ਫੌਜ਼ਦਾਰ : ਪਰ ਇਹ ਕਮਬਖ਼ਤ ਸਿੱਖ ਕਿਹੜਾ ਚੂਹਿਆਂ ਨਾਲੋਂ ਘੱਟ ਨੇ, ਦਿਸਦੇ ਨੇ ਤੇ ਫੇਰ ਜ਼ਮੀਨ ਵਿਚ ਗਾਇਬ ਹੋ ਜਾਂਦੇ ਨੇ।

ਅਨਵਰ : ਲੜਣ ਵਿਚ ਤੇ ਉਹ ਸ਼ੇਰ ਨੇ ਜਨਾਬ।

ਫੌਜ਼ਦਾਰ : ਉਹ ਸ਼ੇਰ ਨਹੀਂ ਅਸੀਂ ਹੀ ਗਿੱਦੜ ਹਾਂ।

ਅਨਵਰ : ਇਹ ਤਾਂ ਠੀਕ ਏ ਜਨਾਬ।

ਫੌਜ਼ਦਾਰ : ਕੀ ਠੀਕ ਏ ?

ਅਨਵਰ : ਇਹੀ ਕੀ ਅਸੀਂ ਗਿੱਦੜ ਆਂ।

ਫੌਜ਼ਦਾਰ : ਹੁਣ ਮੈਂ ਸੂਬੇ ਨੂੰ ਕੀ ਮੂੰਹ ਵਿਖਾਵਾਂਗਾ ਕਿ ਇਤਨੇ ਸਿਪਾਹੀਆਂ ਕੋਲੋਂ ਇਕ ਸਿੱਖ ਕਾਬੂ ਨਹੀਂ ਆਇਆ, ਇਨਾਂ ਸਿੱਖਾਂ ਦਾ ਸਿਆਪਾ ਮੁਕੇ ਤਾਂ ਸਾਨੂੰ ਵੀ ਚੈਨ ਆਵੇ।

ਅਨਵਰ : ਪਰ ਜਨਾਬ ਅਸੀਂ ਇਹ ਸਿਆਪਾ ਮੁਕਾ ਕਿਉਂ ਨਾ ਦੇਈਏ।

ਫੌਜ਼ਦਾਰ : ਕੀ ਮਤਲਬ ?

ਅਨਵਰ : ਮਤਲਬ ਕਿ ਅਸੀਂ ਇਨਾਂ ਨੂੰ ਕੁਝ ਨਾ ਕਹੀਏ, ਇਨ੍ਹਾਂ ਦਾ ਪਿਛਾ ਕਰਨਾ ਬੰਦ ਕਰ ਦੇਈਏ।

ਫੌਜ਼ਦਾਰ : ਇਨ੍ਹਾਂ ਦਾ ਪਿਛਾ ਕਰਨਾ ਬੰਦਾ ਕਰ ਦੇਈਏ, ਤਾਂ ਕਿ ਇਹ ਸਾਡੇ

ਸਿਰ 'ਤੇ ਆ ਬਹਿਣ, ਮੁਗ਼ਲਾਂ ਦੀ ਫੌਜ ਵਿਚ ਤੇਰੇ ਵਰਗੇ ਮੂਰਖ ਸਿਪਾਹੀ ਆ ਗਏ ਹਨ ਤਾਂ ਹੀ ਇਸ ਹਕੂਮਤ ਤੇ ਜਵਾਲ ਆ ਰਿਹਾ ਏ।

ਅਨਵਰ : ਜ਼ਵਾਲ ਤਾਂ ਆ ਹੀ ਰਿਹਾ ਸੀ।

ਫੌਜ਼ਦਾਰ : ਇਹ ਤੂੰ ਕਿਸ ਤਰ੍ਹਾਂ ਕਹਿਨਾ ਏ ਕਿ ਜ਼ਵਾਲ ਆ ਰਿਹਾ ਏ ?

ਅਨਵਰ : ਮੈਂ ਨਹੀਂ ਕਿਹਾ ਜੀ, ਤੁਸੀਂ ਕਿਹਾ ਸੀ।

ਫੌਜ਼ਦਾਰ : ਮੈਂ ਕਦੋਂ ਕਿਹਾ ਸੀ, ਪਰ ਇਹ ਸਿੱਖਾਂ ਦੀ ਲੁਕਣ ਛੁਪਣ ਦੀ ਖੇਡ ਬਹੁਤੀ ਦੇਰ ਨਹੀਂ ਚਲ ਸਕਦੀ, ਸਾਡੇ ਸੂਬੇ ਹੋਰਾਂ ਨੇ ਐਸੀ ਤਰਤੀਬ ਬਣਾਈ ਕਿ ਬਸ ਇਹ ਕਾਬੂ ਆਏ ਕਿ ਆਏ, ਇਕ ਵੀ ਬੱਚ ਕੇ ਨਹੀਂ ਨਿਕਲ ਸਕੇਗਾ, ਸਾਰਾ ਜੰਗਲ ਇਕ ਵੱਡੇ ਲਸ਼ਕਰ ਨਾਲ ਘੇਰ ਲਿਆ ਜਾਏਗਾ, ਫੇਰ ਉਹ ਕਿਸ ਤਰ੍ਹਾਂ ਬੱਚ ਸਕਣਗੇ ?

ਅਨਵਰ : ਉਹ ਫੇਰ ਵੀ ਬੱਚ ਨਿਕਲਣਗੇ।

ਫੌਜ਼ਦਾਰ : ਕਿਸ ਤਰ੍ਹਾਂ ?

ਅਨਵਰ : ਜਿਸ ਤਰ੍ਹਾਂ ਦਸ ਸਿਪਾਹੀਆਂ ਦੇ ਘੇਰੇ ਵਿਚੋਂ ਅੱਜ ਇਕ ਨਿਕਲ ਗਿਆ ਏ।

ਫੌਜ਼ਦਾਰ : ਤੂੰ ਬਕਵਾਸ ਬੰਦ ਕਰ, ਨਿਕਲ ਗਿਆ ਏ ਤਾਂ ਬੱਚ ਕੇ ਕਿਧਰ ਜਾਏਗਾ।

ਅਨਵਰ : ਆਹੋ ਜੀ ਬੱਚ ਕੇ ਕਿਧਰ ਜਾਵੇਗਾ ?

ਫੌਜ਼ਦਾਰ : ਇਹ ਲੋਕ ਬੇਵਕੂਫ਼ ਨੇ, ਸਿਰ ਤਲੀ ਤੇ ਰਖ ਕੇ ਨਿਕਲੇ ਹੋਏ ਨੇ ਕਿ ਅਸੀਂ ਹਕੂਮਤ ਦੇ ਜ਼ੁਲਮ ਦੇ ਖਿਲਾਫ਼ ਲੜਦੇ ਹਾਂ ਪਰ ਇਨਾਂ ਨੂੰ ਕੌਣ ਦਸੇ ਕਿ ਕੋਈ ਹਕੂਮਤ ਰਿਆਇਆ ਤੇ ਜ਼ੁਲਮ ਕੀਤੇ ਬਗ਼ੈਰ ਨਹੀਂ ਚਲ ਸਕਦੀ।

ਅਨਵਰ : ਹਾਂ ਜੀ ਨਹੀਂ ਚਲ ਸਕਦੀ।

ਫੌਜ਼ਦਾਰ : ਹਕੂਮਤ ਦੇ ਕੰਮ ਚਲਾਉਣ ਲਈ ਸਿਪਾਹੀ ਚਾਹੀਦੇ ਹਨ, ਸਿਪਾਹੀਆਂ ਤੇ ਰਸਦ ਪਾਣੀ ਲਈ ਪੈਸਾ ਤੇ ਇਹ ਪੈਸਾ ਵਸੂਲਣ ਲਈ ਜਬਰ।

ਅਨਵਰ : ਹਾਂ ਜੀ ਸਿਪਾਹੀਆਂ ਨੇ ਰੋਟੀ ਤਾਂ ਖਾਣੀ ਹੋਈ।

ਫੌਜ਼ਦਾਰ : ਤੇ ਇਹ ਜਬਰ ਕਰਨ ਲਈ ਕੋਈ ਨਾ ਕੋਈ ਬਹਾਨਾ ਚਾਹੀਦਾ ਹੈ ਤੇ ਇਹ ਬਹਾਨਾ ਕਦੀ ਲੱਭਦਾ ਏ ਮਜ਼ਹਬ ਦੇ ਨਾਂ ਥੱਲੇ ਤੇ ਕਦੇ ਕੌਮ ਦੇ ਨਾਂ ਥੱਲੇ, ਪਰ ਤੈਨੂੰ ਇਹ ਸਭ ਕੁਝ ਦੱਸਣ ਦਾ ਕੀ ਫਾਇਦਾ ਤੇਰੇ ਪੱਲੇ ਕੁਝ ਨਹੀਂ ਪੈਣ ਲੱਗਾ।

ਅਨਵਰ : ਆਹੋ ਜੀ, ਮੇਰੇ ਪੱਲੇ ਕੁਝ ਨਹੀਂ ਪੈਣ ਲੱਗਾ।

*(ਇਤਨੇ ਵਿਚ ਅਨਵਰ ਦੀ ਨਜ਼ਰ ਇਕ ਖ਼ੂਨ ਦੇ ਧੱਬੇ 'ਤੇ ਪੈ*

*ਜਾਂਦੀ ਹੈ।ਉਹ ਝੁਕ ਕੇ ਬੜੇ ਧਿਆਨ ਨਾਲ ਉਹਨੂੰ ਵੇਖੀ ਜਾ ਰਿਹਾ ਹੈ।)*

ਫੌਜ਼ਦਾਰ : ਅਨਵਰ ਇਹ ਤੂੰ ਕੀ ਵੇਖ ਰਿਹਾ ਏ,

ਅਨਵਰ : ਜੀ ਮੇਰੇ ਪੱਲੇ ਕੁਝ ਪੈ ਰਿਹਾ ਏ

ਫੌਜ਼ਦਾਰ : ਕੀ ?

ਅਨਵਰ : ਇਹ ਲਹੂ ਦਾ ਨਿਸ਼ਾਨ

*(ਫੌਜ਼ਦਾਰ ਵੇਖਦਾ ਹੈ)*

ਫੌਜ਼ਦਾਰ : ਤਾਂ ਫੇਰ ਸਾਡਾ ਅੰਦਾਜ਼ਾ ਠੀਕ ਨਿਕਲਿਆ, ਉਹ ਸਿਖ ਇਥੇ ਹੀ ਕਿਧਰੇ ਲੁਕਿਆ ਹੋਇਆ ਹੈ।

ਅਨਵਰ : ਪਰ ਮੈਂ ਤਾਂ ਸਾਰੀ ਤਲਾਸ਼ੀ ਲਈ ਸੀ।

ਫੌਜ਼ਦਾਰ : ਤੂੰ ਤਲਾਸ਼ੀ ਖਾਕ ਲਈ ਸੀ, ਉਸ ਬੁੱਢੀ ਨੂੰ ਵੇਖ, ਉਹ ਕਿਧਰ ਖਪ ਗਈ ਹੈ, ਇਧਰ ਮੈਂ ਸਾਰਾ ਧਿਆਨ ਰਖਦਾ ਹਾਂ।

*(ਅਨਵਰ ਜਾਂਦਾ ਹੈ ਤੇ ਲੋਈ ਲੈ ਆਉਂਦਾ ਹੈ)*

ਅਨਵਰ : ਹਜ਼ੂਰ ਇਹ ਲੋਈ

ਫੌਜ਼ਦਾਰ : ਲੋਈ ਕੀ ?

ਅਨਵਰ : ਹਜ਼ੂਰ ਇਹਦੇ ਥਲੇ ਉਹ ਸਿੱਖ ਲੁਕਿਆ ਸੀ।

ਫੌਜ਼ਦਾਰ : ਲੁਕਿਆ ਸੀ ਤਾਂ ਹੁਣ ਕਿਧਰ ਗਿਆ।

ਅਨਵਰ : ਜੀ ਇਹ ਕਿਤਾਬ।

ਫੌਜ਼ਦਾਰ : ਇਹ ਤਾਂ ਉਹੀ ਹੈ, ਜਿਸ ਤੋਂ ਸਿਖ ਸਿਪਾਹੀ ਦੁਆ ਕਰਦੇ ਹਨ। (ਪੜਦਾ ਹੈ)

ਜੁਧ ਜਿਤੇ ਇਨ ਹੀ ਕੇ ਪ੍ਰਸਾਦਿ ਇਨ ਹੀ,
ਪ੍ਰਸਾਦਿ ਸੁਦਾਨ ਕਰੇ।
ਅਘ ਓਘ ਟਰੋ ਇਨ ਹੀ ਕੇ ਪ੍ਰਸਾਦਿ, ਇਨ ਹੀ ਕੀ,
ਕਿਰਪਾ ਸੁਧਾਮ ਭਰੇ।
ਇਨ ਹੀ ਕੀ ਕਿਰਪਾ ਕੇ ਸਜੇ ਹਮ ਹੈਂ,
ਨਹੀਂ ਮੋ ਸੋ ਗਰੀਬ ਕਰੋਰ ਪਰੇ।

*(ਇੰਨੇ ਵਿਚ ਘੋੜੀਆਂ ਦੌੜਣ ਦੀ ਆਵਾਜ਼ ਆਉਂਦੀ ਹੈ।)*

ਫੌਜ਼ਦਾਰ : ਤਾਂ ਫੇਰ ਇਹ ਬੁੱਢੀ ਵੀ ਉਸੇ ਗੁਰੂ ਦੀ ਸਿੱਖ ਹੈ।

ਬੁੱਢੀ : (ਆਉਂਦੇ ਹੋਏ) ਮੈਂ ਉਸੇ ਗੁਰੂ ਦੀ ਸਿੱਖ ਹਾਂ।

*(ਅਨਵਰ ਆਉਂਦਾ ਹੈ)*

ਅਨਵਰ : ਹਜ਼ੂਰ ਸਾਡੀਆਂ ਘੋੜੀਆਂ ਕੋਈ ਦੁੜਾ ਕੇ ਲੈ ਗਿਆ ਏ

ਫੌਜ਼ਦਾਰ : ਘੋੜੀਆਂ ਦੁੜਾ ਕੇ ਲੈ ਗਿਆ ਏ ਤਾਂ ਤੂੰ ਇਥੇ ਕੀ ਕਰ ਰਿਹਾ ਏਂ। ਤੂੰ ਪਿੱਛਾ ਕਿਉਂ ਨਹੀਂ ਕੀਤਾ ?

ਅਨਵਰ : ਜੀ ਉਹ ਘੋੜੀਆਂ ਤੇ ਸਨ ਤੇ ਮੈਂ ਪੈਦਲ ਸਾਂ।

ਫੌਜ਼ਦਾਰ : ਇਹ ਸਾਰਾ ਇਸ ਖਚਰੀ ਬੁੱਢਾ ਦਾ ਕਾਰਾ ਹੈ (ਗੁੱਸੇ ਨਾਲ ਬੁੱਢੀ ਨੂੰ ਝੰਜੋੜਦੇ ਹੋਏ) ਦੱਸ ਬੁੱਢੀਏ ਸਾਡੀਆਂ ਘੋੜੀਆਂ ਕਿਧਰ ਗਈਆਂ ?

ਬੁੱਢੀ : (ਨਿਡਰ ਹੋ ਕੇ) ਜਿਥੈ ਉਨ੍ਹਾਂ ਦੀ ਲੋੜ ਸੀ।

ਫੌਜ਼ਦਾਰ : ਕਿਥੇ ਲੋੜ ਸੀ, ਕਿਹਨੂੰ ਲੋੜ ਸੀ ?

*(ਚੁੱਪ)*

ਫੌਜ਼ਦਾਰ : ਤੂੰ ਬੋਲਦੀ ਕਿਉਂ ਨਹੀਂ ?

ਅਨਵਰ : ਹਾਂ, ਹੁਣ ਤੇਰੀ ਜ਼ਬਾਨ ਸੀਤੀ ਕਿਉਂ ਗਈ ਏ, ਬੁੱਢੀਆਂ ਨੂੰ ਤਾਂ ਬੋਲਣ ਦੀ ਆਦਤ ਹੁੰਦੀ ਏ,

ਫੌਜ਼ਦਾਰ : ਤੂੰ ਵਿਚ ਨਾਲ ਬੋਲ।

*(ਬੁੱਢੀ ਬਿਲਕੁਲ ਚੁੱਪ ਹੈ)*

ਫੌਜ਼ਦਾਰ : ਬੋਲ ਸਾਡੀਆਂ ਘੋੜੀਆਂ ਕਿਥੇ ਗਈਆਂ, ਕੌਣ ਲੈ ਗਿਆ ਏ ?

ਬੁੱਢੀ : ਗੁਰੂ ਦੇ ਸਿੰਘਾਂ ਨੂੰ ਲੋੜ ਸੀ, ਧਰਤੀ ਦੇ ਯੋਧਿਆਂ ਨੂੰ ਲੋੜ ਸੀ।

ਫੌਜ਼ਦਾਰ : ਤਾਂ ਗੁਰੂ ਦੇ ਸਿੱਖ ਨੂੰ ਤੂੰ ਲਕੋਇਆ ਸੀ।

ਬੁੱਢੀ : ਹਾਂ, ਉਹਦੀ ਜਾਨ ਬਚਾਉਣੀ ਜ਼ਰੂਰੀ ਸੀ।

ਫੌਜ਼ਦਾਰ : ਕਿਉਂ ?

ਬੁੱਢੀ : ਤੁਹਾਨੂੰ ਨਹੀਂ ਪਤਾ

ਫੌਜ਼ਦਾਰ : ਨਹੀਂ।

ਬੁੱਢੀ : ਧਰਤੀ ਜਦੋਂ ਝੂਠ ਅਤੇ ਅਤਿਆਚਾਰ ਦੇ ਲਹੂ ਨਾਲ ਰੰਗੀ ਜਾ ਰਹੀ ਹੋਵੇ ਤਾਂ ਧਰਤੀ ਦੇ ਹਰ ਸੱਚੇ ਯੋਧੇ ਦੀ ਰਖਵਾਲੀ ਕਰਨੀ ਧਰਤੀ ਦੇ ਲੋਕਾਂ ਦਾ ਫਰਜ਼ ਬਣ ਜਾਂਦਾ ਹੈ।

ਫੌਜ਼ਦਾਰ : ਉਹ ਬੁੱਢੀਏ ਤੂੰ ਨਹੀਂ ਜਾਣਦੀ ਕਿ ਤੂੰ ਕੀ ਕਹਿਰ ਕੀਤਾ ਏ, ਉਹ ਸਾਡੇ ਹੱਥ ਆ ਜਾਂਦਾ ਤਾਂ ਸਾਨੂੰ ਸੌ ਮੋਹਰਾਂ ਇਨਾਮ ਮਿਲਣੀਆਂ ਸਨ ਤੇ ਅਸੀਂ ਤੈਨੂੰ ਵੀ ਕੁਝ ਵਿਚੋਂ ਦੇਂਦੇ।

ਬੁੱਢੀ : ਸੋਨੇ ਦੀਆਂ ਮੋਹਰਾਂ, ਮੈਂ ਤੁਹਾਡੀਆਂ ਸੋਨੇ ਦੀਆਂ ਮੋਹਰਾਂ ’ਤੇ ਥੁੱਕਦੀ ਵੀ ਨਹੀਂ, ਤੁਸੀਂ ਅਤਿਆਚਾਰੀ ਸਮਝਦੇ ਹੋ ਕਿ ਸੋਨੇ ਦੀਆਂ ਮੋਹਰਾਂ ਨਾਲ ਦੇਸ਼ ਭਗਤਾਂ ਦੇ ਸਿਰ ਖਰੀਦ ਸਕਦੇ ਹੋ ਪਰ ਤੁਸੀਂ ਭੁੱਲ ਜਾਂਦੇ ਹੋ ਕਿ ਇਕ ਦੇਸ਼ ਭਗਤ ਦਾ ਸਿਰ ਬਚਾਉਣ ਲਈ ਲੋਕ ਆਪਣੇ ਸੌ ਸਿਰ ਵਾਰ ਦੇਂਦੇ ਨੇ।

ਫੌਜ਼ਦਾਰ : ਹੁਣ ਜਦੋਂ ਤੇਰਾ ਸਿਰ ਲੱਥ ਕੇ ਜ਼ਮੀਨ ’ਤੇ ਡਿੱਗੇਗਾ ਤੇ ਤੈਨੂੰ ਹੋਸ਼

ਆਏਗੀ।

ਬੁੱਢੀ : ਮੈਂ ਤਾਂ ਉਸ ਘੜੀ ਨੂੰ ਉਡੀਕ ਰਹੀ ਆਂ ਕਿ ਇਹ ਬੁੱਢਾ ਨਿਗੂਣਾ ਸਰੀਰ ਆਪਣੀ ਧਰਤੀ ਦੇ ਕਿਸੇ ਕੰਮ ਆਵੇ। (ਅਨਵਰ ਤਲਵਾਰ ਕੱਢਦਾ ਹੈ ਪਰ ਫੌਜ਼ਦਾਰ ਇਸ਼ਾਰੇ ਨਾਲ ਰੋਕ ਦੇਂਦਾ ਹੈ)

ਫੌਜ਼ਦਾਰ : ਦੇਖ ਬੁੱਢੀਏ, ਤੈਨੂੰ ਹਾਲੀ ਵੀ ਅਸੀਂ ਮੁਆਫ਼ੀ ਦੇ ਸਕਦੇ ਹਾਂ, ਜੇ ਤੂੰ ਸਾਨੂੰ ਇਹ ਦੱਸ ਦੇਵੇਂ ਕਿ ਉਹ ਕਿਧਰ ਗਿਆ ਹੈ। (ਬੁੱਢੀ ਚੁੱਪ ਹੈ) ਸਾਨੂੰ ਪਤਾ ਹੈ ਕਿ ਜਿਸ ਤਰ੍ਹਾਂ ਇੰਝ ਨਿਧੜਕ ਹੋ ਕੇ ਸਾਡੇ ਸਿਪਾਹੀਆਂ ਨਾਲ ਲੜਿਆ ਹੈ ਅਤੇ ਉਨਾਂ ਕੋਲੋਂ ਬਚ ਕੇ ਨਿਕਲਿਆ ਹੈ ਅਤੇ ਇਸ ਠੰਡ ਦੀ ਰਾਤ ਵਿਚ ਘਾਇਲ ਹੋਇਆ ਵੀ ਘੋੜੀ ਦੁੜਾ ਕੇ ਲੈ ਗਿਆ ਹੈ, ਉਹ ਸਿਰਫ਼ ਆਪਣੀ ਜਾਨ ਬਚਾਉਣ ਲਈ ਨਹੀਂ ਨੱਸਿਆ।

ਬੁੱਢੀ : ਮੈਨੂੰ ਕੁਝ ਨਹੀਂ ਪਤਾ।

ਫੌਜ਼ਦਾਰ : (ਉਚਾ ਸਾਰਾ) ਤੈਨੂੰ ਪਤਾ ਏ। (ਕੋਈ ਜਵਾਬ ਨਹੀਂ) ਅਨਵਰ ਇਹ ਇੰਝ ਨਹੀਂ ਮੰਨਣ ਲਗੀ, ਇਸ ਦੇ ਪੋਤੇ ਨੂੰ ਇਥੇ ਲਿਆ ਤੇ ਉਸਦੇ ਭਰਾ ਨੂੰ ਵੀ, ਉਹ ਸੱਚੀ ਕਿਧਰ ਗਿਆ ਏ ? (ਅਨਵਰ ਜਾਂਦਾ ਹੈ) ਵੇਖ ਬੁੱਢੀਏ, ਹਾਲੇ ਵੀ ਮੌਕਾ ਏ, ਤੇਰੇ ਲਈ ਆਪਣੀ ਜਾਨ ਦੀ ਕੋਈ ਕੀਮਤ ਨਹੀਂ, ਪਰ ਉਸ ਮਾਸੂਮ ਦੀ ਜਾਨ ਦਾ ਖ਼ਿਆਲ ਕਰ ਮੈਨੂੰ ਉਸ 'ਤੇ ਤਰਸ ਆ ਰਿਹਾ ਹੈ।

ਬੁੱਢੀ : ਫੌਜ਼ਦਾਰ ਸਾਹਿਬ, ਸੂਰਮੇ ਕਿਸੇ ਦੇ ਤਰਸ 'ਤੇ ਨਹੀਂ ਪਲਦੇ, ਉਹ ਤਲਵਾਰ ਦੀ ਨੋਕ 'ਤੇ ਸੂਰਮਾਗਤੀ ਦਾ ਸਬਕ ਸਿਖਦੇ ਨੇ, ਤੁਸੀਂ ਉਹਦਾ ਕੁਝ ਨਹੀਂ ਵਿਗਾੜ ਸਕਦੇ, ਉਹਦੇ ਸਿਰ 'ਤੇ ਗੁਰੂ ਦਾ ਹੱਥ ਹੈ।

ਫੌਜ਼ਦਾਰ : ਵੇਖ ਲੈਨੇ ਆਂ। (ਅਨਵਰ ਆਂਦਾ ਹੈ)

ਅਨਵਰ : ਹਜ਼ੂਰ ਨਾ ਹੀ ਉਹ ਬੱਚਾ ਅਤੇ ਨਾ ਹੀ ਉਹ ਮੁੰਡਾ ਉਥੇ ਏ।

ਫੌਜ਼ਦਾਰ : ਕਿਥੇ ਗਏ ?

ਅਨਵਰ : ਪਤਾ ਨਹੀਂ ਹਜ਼ੂਰ।

ਫੌਜ਼ਦਾਰ : ਤੈਨੂੰ ਪਤਾ ਵੀ ਹੈ ਕਿਸੇ ਗੱਲ ਦਾ ?

ਅਨਵਰ : ਨਹੀਂ ਹਜ਼ੂਰ।

ਫੌਜ਼ਦਾਰ : ਤੂੰ ਬੇਵਕੂਫ਼ ਏਂ।

ਅਨਵਰ : ਜੀ ਹਜ਼ੂਰ।

ਫੌਜ਼ਦਾਰ : ਹਜ਼ੂਰ, ਹਜ਼ੂਰ, ਪਹਿਲਾਂ ਉਹ ਚਕਮਾ ਦੇ ਗਿਆ ਸੌ ਅਸ਼ਰਫ਼ੀਆਂ ਨਿਕਲ ਗਈਆਂ ਫਿਰ ਇਸ ਖਚਰੀ ਬੁੱਢੀ ਨਾਲ ਵਾਹ ਪੈ ਗਿਆ,

ਦਸ ਬੁੱਢੀਏ ਕਿਧਰ ਗਏ ਨੇ ?

ਬੁੱਢੀ : ਉਹ ਬੱਚਾ ਕਿਸੇ ਦੀ ਅਮਾਨਤ ਸੀ ਮਾਲਕ ਕੋਲ ਪੁਜ ਗਿਆ ਏ।

ਫੌਜ਼ਦਾਰ : ਮਾਲਕ ਕੌਣ ?

ਬੁੱਢੀ : ਤਾਂ ਜੋ ਉਹਨੂੰ ਤੁਹਾਡੇ ਰਹਿਮ ਦਾ ਜ਼ਹਿਰ, ਤੁਹਾਡੇ ਤਰਸ ਦੀ ਵਿਸ਼ ਨਾ ਚੜ੍ਹੇ, ਤੁਹਾਡਾ ਕੀ ਖਿਆਲ ਸੀ ਕਿ ਤੁਹਾਡੀਆਂ ਘੋੜੀਆ ਮੈਂ ਵਾੜੇ ਵਿਚ ਬੰਨਣ ਗਈ ਸਾਂ, ਤੁਹਾਡੇ ਅੱਗੇ ਮੰਜੇ ਡਾਹ ਕੇ ਤੁਹਾਡੀ ਖਾਤਰ ਕਰਦੀ ਸਾਂ, ਤੁਸੀਂ ਜੋ ਚੋਰਾਂ ਵਾਕਣ ਮੇਰੇ ਘਰ ਦਾ ਬੂਹਾ ਭੰਨ ਕੇ ਆਏ, ਤੁਸੀਂ ਕੁਚੱਜੀਆਂ ਕੁੱਖਾਂ ਦੇ ਜਾਏ, ਜਿਨਾਂ ਨੂੰ ਇਹ ਵੀ ਤਮੀਜ਼ ਨਹੀਂ ਕਿ ਇਕ ਬੁੱਢੀ ਮਾਂ ਨਾਲ ਬੋਲੀਦਾ ਕਿਵੇਂ ਏ, ਤੁਸੀਂ ਜਿਨਾਂ ਨੇ ਮੇਰੀ ਸੋਹਣੀ ਧਰਤੀ ਨੂੰ ਆਪਣੇ ਕੁਸ਼ਗਣੇ ਪੈਰਾਂ ਨਾਲ ਗੰਦਾ ਕੀਤਾ ਹੈ ਤੇ ਉਜਾੜਿਆ ਹੈ ਤੁਹਾਨੂੰ ਮੈਂ ਸਿਰ 'ਤੇ ਬਿਠਾਉਂਦੀ, ਭੁੱਬਲ ਨਾ ਪਾਉਂਦੀ।

ਫੌਜ਼ਦਾਰ : (ਚੀਕ ਕੇ) ਬੁੱਢੀਏ।

ਬੁੱਢੀ : ਚੀਖੋ ਹੋਰ ਚੀਖੋ, ਤੁਸੀਂ ਉਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੇ।ਉਹ ਤਾਂ ਕਿੰਨੀ ਦੂਰ ਨਿਕਲ ਗਏ ਨੇ ਤੁਹਾਡੇ ਪੰਜਿਆਂ ਤੋਂ ਦੂਰ।

ਫੌਜ਼ਦਾਰ : ਪਰ ਤੂੰ ਤਾਂ ਇਥੇ ਹੈਂ (ਗੁੱਸੇ ਵਿਚ ਉਹਨੂੰ ਛੁਰਾ ਮਾਰ ਦੇਂਦਾ ਹੈ)

ਬੁੱਢੀ : (ਮਰਦੇ ਮਰਦੇ) ਤਾਂ ਇਸ ਸਿਰ ਨੂੰ ਹੁਣ ਲਾਹ ਕੇ ਲੈ ਜਾਣਾ ਆਪਣੇ ਹਾਕਮ ਕੋਲ, ਆਪਣੀ ਬਹਾਦਰੀ ਦੀ ਨਿਸ਼ਾਨੀ 100 ਅਸ਼ਰਫੀਆਂ ਲੈਣ ਲਈ (ਫੇਰ ਅਰਦਾਸ ਦੇ ਪੋਜ਼ ਵਿਚ) ਦਾਤਾ, ਤੇਰਾ ਲੱਖ ਲੱਖ ਸ਼ੁਕਰ ਕਿ ਤੂੰ ਮੈਨੂੰ ਇਹ ਮੌਕਾ ਬਖਸ਼ਿਆ ਏ ਕਿ ਇਹ ਨਿਗੁਣੀ ਦੇਹ ਵੀ ਗੁਰੂ ਦੇ ਕੰਮ ਆਈ। (ਡਿੱਗ ਪੈਂਦੀ ਹੈ)

ਸ਼ਬਦ : ਦੇਹ ਸ਼ਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂ ਨਾ ਟਰੋਂ।
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ, ਨਿਸ਼ਚੈ ਕਰ ਆਪਣੀ ਜੀਤ ਕਰੋਂ।
ਅਰੁ ਸਿਖ ਹੋ ਆਪਣੇ ਹੀ ਮਨ ਕੋ, ਇਹ ਲਾਲਚ ਹਉ ਗੁਨ ਤਉ ਉਚਰੋਂ।
ਜਬ ਆਵ ਕੀ ਅਉਧ ਨਿਧਾਨ ਬਨੇ, ਅਤਿ ਹੀ ਰਨ ਮੇ ਤਬ ਜੂਝ ਮਰੋਂ।